Your Baby: Punjabi

# ਤੁਹਾਡਾ ਬੱਚਾ!

## ਪੇਸ਼ਕਸ਼ ਕੀਤੇ ਟੈਸਟ

ਅੱਪਡੇਟ ਕੀਤਾ ਗਿਆ ਬਸੰਤ 2026



ਇਸ ਜਾਣਕਾਰੀ ਨੂੰ ਔਨਲਾਈਨ ਪੜ੍ਹਨ ਲਈ ਸਕੈਨ ਕਰੋ

ਨਵਜੰਮੇ ਬੱਚੇ ਦੇ ਸਕ੍ਰੀਨਿੰਗ **ਟੈਸਟ**

NHS SCOTLAND

Public Health Scotland

# ਇਹ ਪੁਸਤਿਕਾ ਦੱਸਦੀ ਹੈ ਕਿ ਕਿਹੜੀਆਂ ਸਿਹਤ ਸਮੱਸਿਆਵਾਂ ਲਈ ਟੈਸਟ ਕੀਤੇ ਜਾ ਸਕਦੇ ਹਨ ਅਤੇ ਟੈਸਟਾਂ ਵਿੱਚ ਕੀ ਸ਼ਾਮਲ ਹੈ।

ਸਾਰੇ ਬੱਚਿਆਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੇ ਪਹਿਲੇ ਕੁਝ ਦਿਨਾਂ ਅਤੇ ਹਫ਼ਤਿਆਂ ਵਿੱਚ ਪੇਸ਼ਕਸ਼ ਕੀਤੇ ਜਾਣ ਵਾਲੇ ਨਵਜੰਮੇ ਬੱਚਿਆਂ ਦੇ ਸਕ੍ਰੀਨਿੰਗ ਟੈਸਟਾਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਿਹਤ ਸਮੱਸਿਆਵਾਂ ਦੀ ਪਹਿਚਾਣ ਕੀਤੀ ਜਾਵੇ ਅਤੇ ਜਿੰਨੀ ਜਲਦੀ ਹੋ ਸਕੇ ਇਲਾਜ ਸ਼ੁਰੂ ਕੀਤਾ ਜਾਵੇ।.

ਇਸ ਕਿਤਾਬਚੇ ਵਿੱਚਲੇ ਸਾਰੇ ਸਕ੍ਰੀਨਿੰਗ ਅਤੇ ਡਾਇਗਨੌਸਟਿਕ ਟੈਸਟ ਸਕਾਟਲੈਂਡ ਵਿੱਚ ਐਨਐਚਐਸ ਦੁਆਰਾ ਮੁਫਤ ਪ੍ਰਦਾਨ ਕੀਤੇ ਜਾਂਦੇ ਹਨ। ਕਿਹੜੀਆਂ ਸਿਹਤ ਸਥਿਤੀਆਂ ਲਈ ਸਕ੍ਰੀਨਿੰਗ ਕੀਤੀ ਜਾਂਦੀ ਹੈ ਉਹ ਪੂਰੇ ਯੂਕੇ ਵਿੱਚ ਵੱਖ-ਵੱਖ ਹੋ ਸਕਦਾ ਹੈ, ਇਸ ਲਈ ਜੇਕਰ ਤੁਸੀਂ ਸਕਾਟਲੈਂਡ ਤੋਂ ਬਾਹਰ ਰਹਿਣ ਚਲੇ ਜਾਂਦੇ ਹੋ, ਤਾਂ ਹੋ ਸਕਦਾ ਹੈ ਪੇਸ਼ ਕੀਤੇ ਜਾਣ ਵਾਲੇ ਟੈਸਟ ਵੱਖਰੇ ਹੋਣ।

ਇਹ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਸਾਡੇ ਵੱਲੋਂ ਤੁਹਾਡੇ ਬੱਚੇ ਲਈ ਪੇਸ਼ਕਸ਼ ਕੀਤੇ ਜਾਂਦੇ ਨਵਜੰਮੇ ਬੱਚੇ ਲਈ ਸਾਰੇ ਜਾਂ ਸਿਰਫ਼ ਕੁਝ ਸਕ੍ਰੀਨਿੰਗ ਟੈਸਟਾਂ ਨੂੰ ਸਵੀਕਾਰ ਕਰਨਾ ਹੈ। ਤੁਸੀਂ ਆਪਣੇ ਬੱਚੇ ਦੀ ਬਿਲਕੁਲ ਵੀ ਜਾਂਚ ਨਾ ਕਰਵਾਏ ਜਾਣ ਦੀ ਵੀ ਚੋਣ ਕਰ ਸਕਦੇ ਹੋ।

ਤੁਹਾਨੂੰ ਆਪਣੇ ਸਿਹਤ ਪੇਸ਼ੇਵਰ ਨਾਲ ਜ਼ਿਆਦਾ ਵਿਸਥਾਰ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ, ਜੋ ਹਰੇਕ ਟੈਸਟ, ਫਾਇਦਿਆਂ ਅਤੇ ਕਿਸੇ ਵੀ ਕਮੀਆਂ ਬਾਰੇ ਦੱਸਣਗੇ ।

**ਪਰ ਇਹ ਮਹੱਤਵਪੂਰਨ ਹੈ ਕਿ ਜੇਕਰ ਤੁਸੀਂ ਟੈਸਟ ਨਾ ਕਰਵਾਉਣ ਦੀ ਚੋਣ ਕਰਦੇ ਹੋ ਤਾਂ ਤੁਸੀਂ ਸੰਭਾਵਿਤ ਨਤੀਜਿਆਂ ਨੂੰ ਸਮਝਦੇ ਹੋ ।**

**ਜੇਕਰ ਤੁਸੀਂ ਅੰਗਰੇਜ਼ੀ ਬੋਲਦੇ ਜਾਂ ਸਮਝਦੇ ਨਹੀਂ ਹੋ, ਤਾਂ ਐੱਨ.ਐੱਚ.ਐੱਸ. ਇੱਕ ਅਜਿਹਾ ਵਿਅਕਤੀ ਮੁਹੱਈਆ ਕਰਵਾਏਗੀ ਜੋ ਕਹੀ ਜਾਣ ਵਾਲੀ ਗੱਲ ਦਾ ਤੁਹਾਡੀ ਆਪਣੀ ਭਾਸ਼ਾ ਵਿੱਚ ਅਨੁਵਾਦ ਕਰ ਸਕਦਾ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਤਾਂ ਆਪਣੇ ਸਿਹਤ ਪੇਸ਼ੇਵਰ ਨੂੰ ਦੱਸੋ।**

**ਅਸੀਂ ਇਸ ਪੁਸਤਿਕਾ ਵਿੱਚ 'ਤੁਹਾਡੇ ਸਿਹਤ ਪੇਸ਼ੇਵਰ' ਬਾਰੇ ਗੱਲ ਕਰਦੇ ਹਾਂ – ਇਹ ਇੱਕ ਮਿਡਵਾਈਫ਼, ਸਿਹਤ ਮੁਲਾਕਾਤੀ, ਬਾਲ ਰੋਗ ਮਾਹਰ, ਆਡੀਓਲੋਜਿਸਟ ਜਾਂ ਸਕ੍ਰੀਨਿੰਗ ਟੈਸਟਾਂ ਲਈ ਜ਼ਿੰਮੇਵਾਰ ਕੋਈ ਹੋਰ ਮਾਹਰ ਹੋ ਸਕਦਾ ਹੈ।**

# ਜਾਂਚ ਕਰਵਾਉਣ ਦੇ **ਫਾਇਦੇ**

ਕੁਝ ਟੈਸਟ ਖਰਾਬ ਸਿਹਤ ਨੂੰ ਰੋਕ ਸਕਦੇ ਹਨ ਅਤੇ ਤੁਹਾਡੇ ਬੱਚੇ ਦੀ ਜਾਨ ਬਚਾ ਸਕਦੇ ਹਨ।

ਛੇਤੀ ਇਲਾਜ ਸਿਹਤ ਨਤੀਜਿਆਂ ਵਿੱਚ ਸੁਧਾਰ ਕਰ ਸਕਦਾ ਹੈ।

ਆਪਣੇ ਬੱਚੇ ਨੂੰ ਲੋੜੀਂਦੀ ਸਹਾਇਤਾ ਅਤੇ ਇਲਾਜ ਪ੍ਰਾਪਤ ਕਰਨਾ

ਆਪਣੇ ਬੱਚੇ ਨੂੰ ਜ਼ਿੰਦਗੀ ਦੀ ਬਿਹਤਰ ਗੁਣਵੱਤਾ ਲੈਣ ਦੇਣੀ

**ਯਾਦ ਰੱਖੋ, ਤੁਹਾਨੂੰ ਆਪਣੀ ਮਿਡਵਾਈਫ਼ ਜਾਂ ਸਿਹਤ ਮੁਲਾਕਾਤੀ ਨਾਲ ਨਵਜੰਮੇ ਬੱਚੇ ਦੇ ਸਾਰੇ ਸਕ੍ਰੀਨਿੰਗ ਟੈਸਟਾਂ ਬਾਰੇ ਚਰਚਾ ਕਰਨੀ ਚਾਹੀਦੀ ਹੈ।**

# ਇੱਕ ਝਲਕ


## ਜਨਮ ਤੋਂ 4 ਹਫ਼ਤਿਆਂ ਤੱਕ

| | ਸਫ਼ਾ |
|---|---|
| ਸੁਣਨ ਸਬੰਧੀ ਜਾਂਚ | 5 |

## ਲਗਭਗ 5 ਦਿਨ ’ਤੇ

| ਇਸ ਲਈ ਬਲੱਡ ਸਪਾਟ ਟੈਸਟ: | ਸਫ਼ਾ |
|---|---|
| ਸਿੱਕਲ ਸੈੱਲ ਦੀ ਬਿਮਾਰੀ | 12 |
| ਸੀ.ਐੱਫ. (ਸਿਸਟਿਕ ਫਾਈਬਰੋਸਿਸ) | 14 |
| ਸੀ.ਐੱਚ.ਟੀ. (ਕਨਜੈਨੀਅਲ ਹਾਈਪੋਥਾਈਰੋਡਿਜ਼ਮ) | 15 |
| ਅਨੁਵੰਸ਼ਕ ਮੈਟਾਬੋਲਿਕ ਵਿਗਾੜ | 16 |
| ਐਸਐਮਏ* (ਰੀੜ੍ਹ ਦੀ ਹੱਡੀ ਦੀ ਮਾਸਪੇਸ਼ੀ ਕਮਜ਼ੋਰੀ) | 18 |

## ਪਹਿਲੇ 3 ਦਿਨਾਂ ਦੇ ਅੰਦਰ

| | ਸਫ਼ਾ |
|---|---|
| ਨਵਜੰਮੇ ਬੱਚੇ ਦਾ ਸਰੀਰਕ ਮੁਆਇਨਾ | 20 |

ਮੇਰੇ ਬੱਚੇ ਦੀ ਜਾਣਕਾਰੀ ਅਤੇ ਖੂਨ ਦੇ ਨਮੂਨਿਆਂ ਦਾ ਕੀ ਹੁੰਦਾ ਹੈ? 21

ਹੋਰ ਜਾਣਕਾਰੀ 22


* ਇੱਕ ਮੁਲਾਂਕਣ ਦੇ ਹਿੱਸੇ ਵਜੋਂ, ਸਕਾਟਲੈਂਡ ਵਿੱਚ ਬਸੰਤ 2026 ਤੋਂ ਐਸਐਮਏ ਦੀ ਜਾਂਚ ਕੀਤੀ ਜਾਵੇਗੀ।

# ਸੁਣਨ ਸਬੰਧੀ ਜਾਂਚ



## ਇੱਕ ਝਲਕ ...

- ਸੁਣਨ ਦੀ ਜਾਂਚ ਜ਼ਿੰਦਗੀ ਦੇ ਪਹਿਲੇ ਕੁਝ ਹਫ਼ਤਿਆਂ ਦੇ ਅੰਦਰ ਕੀਤਾ ਗਿਆ ਇੱਕ ਸਧਾਰਨ ਟੈਸਟ ਹੈ, ਹੋ ਸਕਦਾ ਹੈ ਕਿ ਤੁਹਾਡੇ ਵੱਲੋਂ ਮੈਟਰਨਿਟੀ ਯੂਨਿਟ ਛੱਡਣ ਤੋਂ ਪਹਿਲਾਂ ਕੀਤਾ ਜਾਵੇ।
- ਜੇ ਹਸਪਤਾਲ ਤੋਂ ਘਰ ਆਉਣ ਦੇ ਚਾਰ ਹਫ਼ਤਿਆਂ ਦੇ ਅੰਦਰ ਤੁਹਾਡੇ ਬੱਚੇ ਦੀ ਸੁਣਨ ਸਬੰਧੀ ਜਾਂਚ ਨਹੀਂ ਕੀਤੀ ਗਈ ਹੈ, ਤਾਂ ਕਿਰਪਾ ਕਰਕੇ ਆਪਣੇ ਸਿਹਤ ਮੁਲਾਕਾਤੀ ਜਾਂ ਜੀ.ਪੀ. ਨੂੰ ਅਪੌਇੰਟਮੈਂਟ ਲਈ ਕਹੋ।
- ਸੁਣਨ ਸ਼ਕਤੀ ਦਾ ਨੁਕਸਾਨ ਕਿਸੇ ਵੀ ਸਮੇਂ ਸ਼ੁਰੂ ਹੋ ਸਕਦਾ ਹੈ।
- ਜੇਕਰ ਤੁਹਾਨੂੰ ਭਵਿੱਖ ਵਿੱਚ ਆਪਣੇ ਬੱਚੇ ਦੇ ਸੁਣਨ ਬਾਰੇ ਕੋਈ ਚਿੰਤਾ ਹੈ, ਤਾਂ ਆਪਣੇ ਸਿਹਤ ਮੁਲਾਕਾਤੀ ਜਾਂ ਜੀ.ਪੀ. ਨਾਲ ਗੱਲ ਕਰੋ। ਉਹ ਕਿਸੇ ਵੀ ਉਮਰ ਵਿੱਚ ਸੁਣਨ ਸਬੰਧੀ ਮੁਲਾਂਕਣ ਦਾ ਪ੍ਰਬੰਧ ਕਰ ਸਕਦੇ ਹਨ।

# ਸੁਣਨ ਸਬੰਧੀ ਜਾਂਚ ਕਿਉਂ ਕੀਤੀ ਜਾਂਦੀ ਹੈ?

ਜ਼ਿਆਦਾਤਰ ਬੱਚੇ ਜਿਨ੍ਹਾਂ ਵਿੱਚ ਸੁਣਨ ਸ਼ਕਤੀ ਦੀ ਕਮੀ ਹੁੰਦੀ ਹੈ, ਉਨ੍ਹਾਂ ਪਰਿਵਾਰਾਂ ਵਿੱਚ ਪੈਦਾ ਹੁੰਦੇ ਹਨ ਜਿਨ੍ਹਾਂ ਨੂੰ ਪਹਿਲਾਂ ਕਦੇ ਸੁਣਨ ਸਬੰਧੀ ਕਮੀ ਦਾ ਅਨੁਭਵ ਨਹੀਂ ਹੋਇਆ ਹੁੰਦਾ। ਜਲਦੀ ਪਤਾ ਲਗਾਉਣਾ ਤੁਹਾਡੇ ਬੱਚੇ ਦੇ ਵਿਕਾਸ ਲਈ ਮਹੱਤਵਪੂਰਨ ਹੈ ਅਤੇ ਇਸਦਾ ਮਤਲਬ ਹੈ ਕਿ ਛੋਟੀ ਉਮਰ ਤੋਂ ਹੀ ਸਹਾਇਤਾ ਅਤੇ ਜਾਣਕਾਰੀ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ।

ਭਾਵੇਂ ਤੁਸੀਂ ਦੇਖ ਸਕਦੇ ਹੋ ਕਿ ਤੁਹਾਡਾ ਬੱਚਾ ਆਵਾਜ਼ਾਂ ਸਬੰਧੀ ਪ੍ਰਤੀਕਿਰਿਆ ਪ੍ਰਗਟ ਕਰ ਰਿਹਾ ਹੈ, ਪਰ ਫੇਰ ਵੀ ਸੁਣਨ ਸਬੰਧੀ ਜਾਂਚ ਦਾ ਹੋਣਾ ਬਹੁਤ ਮਹੱਤਵਪੂਰਨ ਹੈ। ਸੁਣਨ ਸਬੰਧੀ ਕਮੀ ਵਾਲੇ ਬੱਚੇ ਅਜੇ ਵੀ ਕੁਝ ਆਵਾਜ਼ਾਂ ਲਈ ਪ੍ਰਤੀਕਿਰਿਆ ਪ੍ਰਗਟ ਕਰ ਸਕਦੇ ਹਨ।





## ਸੁਣਨ ਸਬੰਧੀ ਜਾਂਚ ਦੌਰਾਨ ਕੀ ਹੁੰਦਾ ਹੈ?

ਸੁਣਨ ਸਬੰਧੀ ਜਾਂਚ ਇੱਕ ਸਿਖਲਾਈ ਪ੍ਰਾਪਤ ਸਿਹਤ ਪੇਸ਼ੇਵਰ ਵੱਲੋਂ ਕੀਤੀ ਜਾਂਦੀ ਹੈ ਅਤੇ ਦੋ ਤਰੀਕਿਆਂ ਵਿੱਚੋਂ ਇੱਕ ਨਾਲ ਕੀਤੀ ਜਾ ਸਕਦੀ ਹੈ:

**ਇੱਕ ਛੋਟਾ, ਨਰਮ ਈਅਰਪੀਸ ਤੁਹਾਡੇ ਬੱਚੇ ਦੇ ਕੰਨ ਦੇ ਬਾਹਰੀ ਹਿੱਸੇ ਵਿੱਚ ਰੱਖਿਆ ਜਾਵੇਗਾ**

ਜਾਂ

**ਤੁਹਾਡੇ ਬੱਚੇ ਦੇ ਸਿਰ ਅਤੇ ਗਰਦਨ 'ਤੇ ਤਿੰਨ ਛੋਟੇ ਸੈਂਸਰ ਲਗਾਏ ਜਾਣਗੇ, ਅਤੇ ਇੱਕ ਛੋਟਾ, ਨਰਮ ਈਅਰਪੀਸ ਜਾਂ ਹੈੱਡਫੋਨ ਤੁਹਾਡੇ ਬੱਚੇ ਦੇ ਕੰਨ ਵਿੱਚ ਜਾਂ ਉਸ ਦੇ ਉੱਪਰ ਰੱਖਿਆ ਜਾਵੇਗਾ**

ਤੁਹਾਡਾ ਬੱਚਾ ਦੋਵੇਂ ਟੈਸਟ ਕਰਵਾ ਸਕਦਾ ਹੈ।
ਇੱਕ ਕੰਪਿਊਟਰ ਫਿਰ ਇਹ ਪੈਮਾਇਸ਼ ਕਰੇਗਾ ਕਿ ਤੁਹਾਡੇ ਬੱਚੇ ਦੇ ਕੰਨ ਕਲਿੱਕ ਕਰਨ ਵਾਲੀਆਂ ਆਵਾਜ਼ਾਂ ਪ੍ਰਤੀ ਕਿੰਨੀ ਚੰਗੀ ਤਰ੍ਹਾਂ ਪ੍ਰਤੀਕਿਰਿਆ ਪ੍ਰਗਟ ਕਰਦੇ ਹਨ।

## ਕੀ ਜਾਂਚ ਨਾਲ ਤਕਲੀਫ ਪਹੁੰਚਦੀ ਹੈ?

ਨਹੀਂ, ਇਸ ਨਾਲ ਤਕਲੀਫ ਨਹੀਂ ਪਹੁੰਚਦੀ ਅਤੇ ਇਹ ਅਸਹਿਜ ਨਹੀਂ ਹੁੰਦਾ। ਇਹ ਬਹੁਤ ਛੇਤੀ ਹੁੰਦਾ ਹੈ ਅਤੇ ਅਕਸਰ ਉਸ ਸਮੇਂ ਹੁੰਦਾ ਹੈ ਜਦੋਂ ਤੁਹਾਡਾ ਬੱਚਾ ਸੌਂ ਰਿਹਾ ਹੁੰਦਾ ਹੈ।

## ਜਾਂਚ ਕਿਸ ਬਾਰੇ ਪਤਾ ਲਗਾਉਂਦੀ ਹੈ?

**ਜਾਂਚ ਦੋਵੇਂ ਕੰਨਾਂ ਤੋਂ ਸਪਸ਼ਟ ਪ੍ਰਤੀਕਿਰਿਆ ਬਾਰੇ ਪਤਾ ਲਗਾਉਂਦੀ ਹੈ।**

**ਜੇਕਰ ਸੁਣਨ ਸਬੰਧੀ ਜਾਂਚ ਦੋਹਾਂ ਕੰਨਾਂ ਤੋਂ ਸਪਸ਼ਟ ਪ੍ਰਤੀਕਿਰਿਆ ਦਿਖਾਉਂਦੀ ਹੈ ਤਾਂ:**

- ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਵਿੱਚ ਕਮੀ ਹੋਣ ਦੀ ਸੰਭਾਵਨਾ ਨਹੀਂ ਹੁੰਦੀ
- ਤੁਹਾਨੂੰ ਉਨ੍ਹਾਂ ਆਵਾਜ਼ਾਂ ਦੀ ਇੱਕ ਸੂਚੀ ਦਿੱਤੀ ਜਾਵੇਗੀ ਜਿਨ੍ਹਾਂ ਬਾਰੇ ਤੁਹਾਡੇ ਬੱਚੇ ਨੂੰ ਵੱਡੇ ਹੋਣ ਸਮੇਂ ਪ੍ਰਤੀਕਿਰਿਆ ਪ੍ਰਗਟ ਕਰਨੀ ਚਾਹੀਦੀ ਹੈ।

**ਜੇਕਰ ਸੁਣਨ ਸਬੰਧੀ ਜਾਂਚ ਇੱਕ ਜਾਂ ਦੋਵੇਂ ਕੰਨਾਂ ਤੋਂ ਸਪਸ਼ਟ ਪ੍ਰਤੀਕਿਰਿਆ ਨਹੀਂ ਦਿਖਾਉਂਦੀ ਹੈ ਤਾਂ:**

- ਤੁਹਾਡੇ ਬੱਚੇ ਵਿੱਚ ਸੁਣਨ ਸਬੰਧੀ ਘਾਟ ਹੋ ਸਕਦੀ ਹੈ।

ਹੋਰ ਕਾਰਨ ਜਿਨ੍ਹਾਂ ਕਰਕੇ ਹੋ ਸਕਦਾ ਹੈ ਕਿ ਤੁਹਾਡਾ ਬੱਚਾ ਸਪੱਸ਼ਟ ਪ੍ਰਤੀਕਿਰਿਆ ਨਾ ਦਿਖਾ ਸਕੇ:

- ਜਨਮ ਤੋਂ ਬਾਅਦ ਤੁਹਾਡੇ ਬੱਚੇ ਦੇ ਕੰਨਾਂ ਵਿੱਚ ਤਰਲ ਜਾਂ ਅਸਥਾਈ ਰੁਕਾਵਟ ਹੋ ਸਕਦੀ ਹੈ
- ਹੋ ਸਕਦਾ ਹੈ ਕਿ ਤੁਹਾਡਾ ਬੱਚਾ ਜਾਂਚ ਦੌਰਾਨ ਇੱਕ ਥਾਂ ਨਾ ਟਿਕਿਆ ਹੋਵੇ
- ਪਿਛੋਕੜ (ਬੈਕਗ੍ਰਾਊਂਡ) ਵਿੱਚ ਸ਼ੋਰ ਹੋ ਸਕਦਾ ਹੈ

ਅਗਲੇਰੇ ਮੁਲਾਂਕਣ ਲਈ ਆਡੀਓਲੋਜੀ ਵਿਭਾਗ ਵਿੱਚ ਸੁਣਨ ਸਬੰਧੀ ਮਾਹਰ ਨੂੰ ਮਿਲਣ ਲਈ ਤੁਹਾਡੇ ਵਾਸਤੇ ਇੱਕ ਅਪੌਇੰਟਮੈਂਟ ਤੈਅ ਕੀਤੀ ਜਾਵੇਗੀ।



## ਮੈਨੂੰ ਨਤੀਜੇ ਕਦੋਂ ਮਿਲਣਗੇ?

ਤੁਸੀਂ ਆਮ ਤੌਰ ‘ਤੇ ਜਾਂਚ ਸਮਾਪਤ ਹੁੰਦੇ ਹੀ ਨਤੀਜੇ ਪ੍ਰਾਪਤ ਕਰੋਗੇ। ਜੇਕਰ ਤੁਹਾਡੀ ਕੋਈ ਚਿੰਤਾ ਜਾਂ ਸਵਾਲ ਹਨ, ਤਾਂ ਆਪਣੇ ਸਿਹਤ ਪੇਸ਼ੇਵਰ ਨਾਲ ਗੱਲ ਕਰੋ।

## ਜੇਕਰ ਮੇਰੇ ਬੱਚੇ ਦੀ ਸੁਣਨ ਸਬੰਧੀ ਜਾਂਚ ਨਹੀਂ ਹੁੰਦੀ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਬੱਚੇ ਨੂੰ ਸੁਣਨ ਸਬੰਧੀ ਘਾਟ ਹੈ ਅਤੇ ਇਸ ਦਾ ਜਲਦੀ ਪਤਾ ਨਹੀਂ ਲਗਾਇਆ ਜਾਂਦਾ, ਤਾਂ ਇਹ ਉਨ੍ਹਾਂ ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜੇਕਰ ਇਸਦਾ ਜਲਦੀ ਪਤਾ ਲੱਗ ਜਾਂਦਾ ਹੈ, ਤਾਂ ਉਹ ਆਪਣੇ ਲਈ ਲੋੜੀਂਦੀ ਸਹਾਇਤਾ, ਸਲਾਹ ਲੈ ਸਕਦੇ ਹਨ ਅਤੇ ਇਲਾਜ ਕਰਵਾ ਸਕਦੇ ਹਨ।

### ਤੱਥ

**ਜਾਂਚ ਕਰਵਾਏ ਹਰੇਕ 100 ਬੱਚਿਆਂ ਵਿੱਚੋਂ ਦੋ ਤੋਂ ਤਿੰਨ ਬੱਚੇ ਸੁਣਨ ਸਬੰਧੀ ਜਾਂਚ ਸਮੇਂ ਸਪੱਸ਼ਟ ਪ੍ਰਤੀਕਿਰਿਆ ਨਹੀਂ ਦਿਖਾਉਂਦੇ।**

**ਹਰੇਕ 1,000 ਵਿੱਚੋਂ ਇੱਕ ਤੋਂ ਦੋ ਬੱਚਿਆਂ ਦੇ ਇੱਕ ਜਾਂ ਦੋਵੇਂ ਕੰਨਾਂ ਵਿੱਚ ਸੁਣਨ ਸਬੰਧੀ ਘਾਟ ਹੁੰਦੀ ਹੈ।**

## ਆਡੀਓਲੋਜੀ ਮੁਲਾਕਾਤ ਲਈ ਹਾਜ਼ਰ ਹੋਣਾ ਬਹੁਤ ਮਹੱਤਵਪੂਰਨ ਹੈ ਜੇਕਰ...

ਸੁਣਨ ਸਬੰਧੀ ਜਾਂਚ ਤੁਹਾਡੇ ਬੱਚੇ ਦੇ ਇੱਕ ਜਾਂ ਦੋਵੇਂ ਕੰਨਾਂ ਵਿੱਚੋਂ ਸਪਸ਼ਟ ਪ੍ਰਤੀਕਿਰਿਆ ਨਹੀਂ ਦਿਖਾਉਂਦੀ। ਇਹ ਪੁਸ਼ਟੀ ਕਰਨ ਲਈ ਹੈ ਕਿ ਕੀ ਉਨ੍ਹਾਂ ਦੀ ਸੁਣਨ ਸ਼ਕਤੀ ਦੀ ਕਮੀ ਹੈ।

# ਬਲੱਡ ਸਪਾਟ ਟੈਸਟ




## ਇੱਕ ਝਲਕ ...

- ਕੁਝ ਗੰਭੀਰ ਸਿਹਤ ਸਮੱਸਿਆਵਾਂ ਨੂੰ ਸਿਰਫ਼ ਬੱਚੇ ਦਾ ਮੁਆਇਨਾ ਕਰਕੇ ਹੀ ਨਹੀਂ ਦੇਖਿਆ ਜਾ ਸਕਦਾ ਹੈ, ਬਲਕਿ ਖ਼ੂਨ ਦੀ ਜਾਂਚ ਦੁਆਰਾ ਪਤਾ ਲਗਾਇਆ ਸਕਦਾ ਹੈ।

- ਸਕਾਟਲੈਂਡ ਵਿੱਚ ਸਾਰੇ ਨਵਜੰਮੇ ਬੱਚਿਆਂ ਨੂੰ ਬਲੱਡ ਸਪਾਟ ਟੈਸਟ ਦੀ ਪੇਸ਼ਕਸ਼ ਕੀਤੀ ਜਾਵੇਗੀ। ਤੁਹਾਡੀ ਮਿਡਵਾਈਫ਼ ਟੈਸਟ ਬਾਰੇ ਵਿਸਥਾਰ ਵਿੱਚ ਦੱਸੇਗੀ, ਅਤੇ ਇਸ ਨੂੰ ਕਰਨ ਲਈ ਤੁਹਾਡੀ ਇਜਾਜ਼ਤ ਮੰਗੇਗੀ।

- ਇਹ ਇੱਕ ਟੈਸਟ ਕਈ ਸਿਹਤ ਸਥਿਤੀਆਂ ਦੀ ਸਕ੍ਰੀਨਿੰਗ ਕਰਨ ਯੋਗ ਬਣਾਉਂਦਾ ਹੈ।

- ਜਨਵਰੀ 2026 ਤੋਂ ਸਕਾਟਲੈਂਡ ਵਿੱਚ ਐਚਟੀ1 (ਵਿਰਾਸਤੀ ਟਾਈਰੋਸੀਨੇਮੀਆ) ਸਕ੍ਰੀਨਿੰਗ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇੱਕ ਮੁਲਾਂਕਣ ਦੇ ਹਿੱਸੇ ਵਜੋਂ, ਬਸੰਤ 2026 ਤੋਂ ਐਸਐਮਏ (ਰੀੜ੍ਹ ਦੀ ਹੱਡੀ ਦੀ ਮਾਸਪੇਸ਼ੀ ਕਮਜ਼ੋਰੀ) ਸਕ੍ਰੀਨਿੰਗ ਦੀ ਪੇਸ਼ਕਸ਼ ਕੀਤੀ ਜਾਵੇਗੀ।



ਤੁਹਾਡੀ ਮਿਡਵਾਈਫ਼
ਤੁਹਾਡੇ ਬੱਚੇ ਨੂੰ ਚੁੱਕੇਗੀ।



ਉਹ ਛੇਤੀ ਨਾਲ
ਤੁਹਾਡੇ ਬੱਚੇ ਦੀ
ਅੱਡੀ 'ਤੇ ਸੂਈ
ਲਗਾਉਣਗੇ।



ਕਾਰਡ 'ਤੇ ਲਗਾਉਣ
ਲਈ ਉਨ੍ਹਾਂ ਨੂੰ ਸਿਰਫ
ਖ਼ੂਨ ਦੇ ਚਾਰ ਨਿਸ਼ਾਨਾਂ
ਦੀ ਲੋੜ ਹੋਵੇਗੀ।

## ਬਲੱਡ ਸਪਾਟ ਟੈਸਟ ਕਿਵੇਂ ਕੀਤਾ ਜਾਂਦਾ ਹੈ?

ਇਹ ਆਮ ਤੌਰ 'ਤੇ ਬੱਚੇ ਦੇ ਜਨਮ ਤੋਂ ਲਗਭਗ ਚਾਰ ਜਾਂ ਪੰਜ ਦਿਨਾਂ ਬਾਅਦ ਕੀਤਾ ਜਾਂਦਾ ਹੈ। ਮਿਡਵਾਈਫ਼ ਖ਼ੂਨ ਦੀਆਂ ਕੁਝ ਬੂੰਦਾਂ ਲੈਣ ਲਈ ਬੱਚੇ ਦੀ ਅੱਡੀ 'ਤੇ ਸੂਈ ਲਗਾਏਗੀ। ਫਿਰ ਖ਼ੂਨ ਨੂੰ ਇੱਕ ਕਾਰਡ ਉੱਤੇ ਪਾਇਆ ਜਾਂਦਾ ਹੈ ਅਤੇ ਜਾਂਚ ਲਈ ਭੇਜਿਆ ਜਾਂਦਾ ਹੈ।

ਸਾਨੂੰ ਟੈਸਟ ਦੁਹਰਾਉਣ ਦੀ ਲੋੜ ਹੋ ਸਕਦੀ ਹੈ ਜੇਕਰ:

- **ਕਾਰਡ 'ਤੇ ਜਾਂਚ ਲਈ ਲੋੜੀਂਦਾ ਖ਼ੂਨ ਨਹੀਂ ਸੀ**
- **ਕਾਰਡ ਖ਼ਰਾਬ ਹੋ ਗਿਆ ਸੀ**
- **ਕੋਈ ਇੱਕ ਨਤੀਜਾ ਅਸਪਸ਼ਟ ਸੀ।**

# ਇਹ ਕਿਸ ਲਈ ਟੈਸਟ ਕੀਤਾ ਜਾਂਦਾ ਹੈ?

ਬਲੱਡ ਸਪਾਟ ਟੈਸਟ ਨਾਲ ਕਈ ਸਿਹਤ-ਸਮੱਸਿਆਵਾਂ ਦੀ ਜਾਂਚ ਹੁੰਦੀ ਹੈ।

ਜੇਕਰ ਤੁਹਾਡੀ, ਤੁਹਾਡੇ ਬੱਚੇ ਦੇ ਪਿਤਾ ਜਾਂ ਪਰਿਵਾਰ ਦੇ ਕਿਸੇ ਮੈਂਬਰ ਦੀ ਪਹਿਲਾਂ ਹੀ ਇਨ੍ਹਾਂ ਵਿੱਚੋਂ ਕੋਈ ਇੱਕ ਸਿਹਤ ਸਮੱਸਿਆ ਹੈ (ਜਾਂ ਇਸਦਾ ਪਰਿਵਾਰਕ ਇਤਿਹਾਸ ਹੈ), ਤਾਂ ਕਿਰਪਾ ਕਰਕੇ ਆਪਣੇ ਸਿਹਤ ਪੇਸ਼ੇਵਰ ਨੂੰ ਤੁਰੰਤ ਦੱਸੋ।

ਵਿਰਸੇ ਵਿੱਚ ਮਿਲੀਆਂ ਸਿਹਤ-ਸਮੱਸਿਆਵਾਂ ਆਮ **ਤੌਰ ‘ਤੇ ਬਦਲੇ ਹੋਏ ਜੀਨਾਂ** ਰਾਹੀਂ ਮਾਪਿਆਂ ਤੋਂ ਬੱਚਿਆਂ ਵਿੱਚ ਜਾਂਦੀਆਂ ਹਨ।

ਕੀ ਹਨ...?

## ਜੀਨ

ਜੀਨ ਤੁਹਾਡੀਆਂ ਵਿਸ਼ੇਸ਼ਤਾਵਾਂ ਨੂੰ ਨਿਰਧਾਰਤ ਕਰਦੇ ਹਨ, ਤੁਹਾਡੇ ਵਾਲਾਂ ਦੇ ਰੰਗ ਤੋਂ ਲੈ ਕੇ ਤੁਹਾਡੇ ਬਲੱਡ ਗਰੁੱਪ ਤੱਕ। ਸਾਡੀਆਂ ਜ਼ਿਆਦਾਤਰ ਵਿਸ਼ੇਸ਼ਤਾਵਾਂ ਲਈ, ਅਸੀਂ ਇੱਕ ਜੀਨ ਆਪਣੀ ਮਾਂ ਤੋਂ ਅਤੇ ਇੱਕ ਆਪਣੇ ਪਿਤਾ ਤੋਂ ਪ੍ਰਾਪਤ ਕਰਦੇ ਹਾਂ।



ਬੱਚਿਆਂ ਨੂੰ ਸਿਰਫ ਤਾਂ ਹੀ ਸਿਹਤ-ਸਮੱਸਿਆਵਾਂ ਹੁੰਦੀਆਂ ਹਨ ਜੇਕਰ ਉਨ੍ਹਾਂ ਨੂੰ **ਦੋ** ਬਦਲੇ ਹੋਏ ਜੀਨ ਵਿਰਸੇ ਵਿੱਚ ਮਿਲਦੇ ਹਨ – ਇੱਕ ਉਨ੍ਹਾਂ ਦੀ ਮਾਂ ਤੋਂ ਅਤੇ ਇੱਕ ਉਨ੍ਹਾਂ ਦੇ ਪਿਤਾ ਤੋਂ। ਜਿਨ੍ਹਾਂ ਬੱਚਿਆਂ ਨੂੰ ਸਿਰਫ਼ ਇੱਕ ਬਦਲਿਆ ਹੋਇਆ ਜੀਨ ਵਿਰਸੇ ਵਿੱਚ ਮਿਲਦਾ ਹੈ ਉਹ **ਵਾਹਕ (ਕੈਰੀਅਰ)** ਵੱਜੋਂ ਜਾਣੇ ਜਾਂਦੇ ਹਨ।

**ਕੀ ਹਨ...?**

## ਵਾਹਕ

ਵਾਹਕਾਂ ਨੂੰ ਵਿਰਸੇ ਵਿੱਚ ਮਿਲੀ ਸਿਹਤ-ਸਮੱਸਿਆ ਨਹੀਂ ਹੁੰਦੀ, ਪਰ ਉਹ ਬਦਲਿਆ ਹੋਇਆ ਜੀਨ ਆਪਣੇ ਬੱਚਿਆਂ ਤੱਕ ਅੱਗੇ ਪਹੁੰਚਾ ਸਕਦੇ ਹਨ। ਜੇਕਰ ਤੁਹਾਡੇ ਬੱਚੇ ਨੂੰ ਇੱਕ ਵਾਹਕ ਵਜੋਂ ਪਛਾਣਿਆ ਜਾਂਦਾ ਹੈ, ਤਾਂ ਤੁਹਾਡਾ ਸਿਹਤ ਪੇਸ਼ੇਵਰ ਤੁਹਾਨੂੰ ਹੋਰ ਜਾਣਕਾਰੀ ਦੇਵੇਗਾ।

ਖੂਨ ਦੇ ਨਮੂਨੇ ਦੀ ਜਾਂਚ ਹੇਠ ਲਿਖੀਆਂ ਗੰਭੀਰ ਪਰ ਇਲਾਜਯੋਗ ਸਿਹਤ ਸਮੱਸਿਆਵਾਂ ਲਈ ਕੀਤੀ ਜਾਵੇਗੀ।

## ਸਿੱਕਲ ਸੈੱਲ ਦੀ ਬਿਮਾਰੀ

ਯੂਕੇ ਵਿੱਚ ਪੈਦਾ ਹੋਏ 2,800 ਵਿੱਚੋਂ ਲਗਭਗ ਇੱਕ ਬੱਚੇ 'ਤੇ ਸਿੱਕਲ ਸੈੱਲ ਬਿਮਾਰੀ ਅਸਰ ਪਾਉਂਦੀ ਹੈ। ਇਹ ਬਦਲੇ ਹੋਏ ਹੀਮੋਗਲੋਬਿਨ ਜੀਨਾਂ ਰਾਹੀਂ ਮਾਪਿਆਂ ਤੋਂ ਬੱਚਿਆਂ ਤੱਕ ਪਹੁੰਚਦੀ ਹੈ। ਹੀਮੋਗਲੋਬਿਨ ਖੂਨ ਦਾ ਉਹ ਹਿੱਸਾ ਹੈ ਜੋ ਸਰੀਰ ਦੇ ਹੋਰਨਾਂ ਹਿੱਸਿਆਂ ਤੱਕ ਆਕਸੀਜਨ ਪਹੁੰਚਾਉਂਦਾ ਹੈ।

ਖੂਨ ਦੇ ਸੈੱਲ ਇੱਕ 'ਦਾਤਰੀ' (ਜਾਂ ਹੁੱਕ) ਦੀ ਸ਼ਕਲ ਵਿੱਚ ਬਦਲ ਜਾਂਦੇ ਹਨ ਅਤੇ ਖੂਨ ਦੀਆਂ ਛੋਟੀਆਂ ਨਾੜੀਆਂ ਵਿੱਚ ਫਸ ਜਾਂਦੇ ਹਨ। ਇਸ ਨਾਲ ਬੱਚੇ ਨੂੰ ਦਰਦ ਅਤੇ ਨੁਕਸਾਨ ਹੋ ਸਕਦਾ ਹੈ ਜਾਂ ਗੰਭੀਰ ਲਾਗ ਲੱਗ ਸਕਦੀ ਹੈ। ਕੁਝ ਮਾਮਲਿਆਂ ਵਿੱਚ, ਇਹ ਮੌਤ ਦਾ ਕਾਰਨ ਬਣਦੀ ਹੈ।

## ਤੱਥ

**ਸਿੱਕਲ ਸੈੱਲ ਬਿਮਾਰੀ ਦੀ ਸਭ ਤੋਂ ਸੰਭਾਵੀ ਕਿਸਮ ਸਿੱਕਲ ਸੈੱਲ ਅਨੀਮੀਆ ਹੈ, ਪਰ ਹੋਰ ਵੀ ਕਿਸਮਾਂ ਹਨ। ਸਾਰੀਆਂ ਕਿਸਮਾਂ ਦੀ ਟੈਸਟ ਨਾਲ ਜਾਂਚ ਕੀਤੀ ਜਾਂਦੀ ਹੈ।**

## ਜੇ ਟੈਸਟ ਵਿੱਚ ਸਿੱਕਲ ਸੈੱਲ ਬਿਮਾਰੀ ਦਿਖਾਈ ਦਿੰਦੀ ਹੈ ਤਾਂ ਕੀ ਹੋਵੇਗਾ?

ਤੁਹਾਡਾ ਸਿਹਤ ਪੇਸ਼ੇਵਰ ਤੁਹਾਡੇ ਲਈ ਹਿਮੇਟੋਲੋਜਿਸਟ (ਇੱਕ ਡਾਕਟਰ ਜੋ ਖੂਨ ਸਬੰਧੀ ਸਮੱਸਿਆਵਾਂ ਵਿੱਚ ਮਾਹਰ ਹੈ) ਨਾਲ ਮਿਲਣ ਦਾ ਪ੍ਰਬੰਧ ਕਰੇਗਾ। ਗੰਭੀਰ ਬੀਮਾਰੀ ਤੋਂ ਬਚਣ ਲਈ ਤੁਹਾਡੇ ਬੱਚੇ ਦਾ ਇਲਾਜ ਸ਼ੁਰੂ ਕੀਤਾ ਜਾਵੇਗਾ ਜਿਸ ਵਿੱਚ ਐਂਟੀਬਾਇਓਟਿਕਸ ਵੀ ਸ਼ਾਮਲ ਹਨ।

## ਜੇਕਰ ਮੇਰੇ ਬੱਚੇ ਦੀ ਸਿੱਕਲ ਸੈੱਲ ਬਿਮਾਰੀ ਲਈ ਜਾਂਚ ਨਹੀਂ ਕੀਤੀ ਜਾਂਦੀ ਤਾਂ ਕੀ ਹੋਵੇਗਾ?

ਜੇ ਤੁਹਾਡੇ ਬੱਚੇ ਨੂੰ ਸਿੱਕਲ ਸੈੱਲ ਦੀ ਬਿਮਾਰੀ ਹੈ ਜਿਸ ਬਾਰੇ ਪਤਾ ਨਹੀਂ ਲਗਾਇਆ ਜਾਂਦਾ, ਤਾਂ ਉਨ੍ਹਾਂ ਨੂੰ ਦਰਦ ਦੀ ਸ਼ੁਰੂਆਤ ਹੋਵੇਗੀ ਅਤੇ ਉਨ੍ਹਾਂ ਨੂੰ ਗੰਭੀਰ ਲਾਗ ਲੱਗ ਸਕਦੀ ਹੈ ਅਤੇ ਸਰੀਰ ਨੂੰ ਨੁਕਸਾਨ ਪਹੁੰਚ ਸਕਦਾ ਹੈ। ਸਹੀ ਇਲਾਜ ਨਾਲ ਇਸ ਨੂੰ ਘੱਟ ਕੀਤਾ ਜਾ ਸਕਦਾ ਹੈ ਜਾਂ ਇਸ ਤੋਂ ਵੀ ਬਚਿਆ ਜਾ ਸਕਦਾ ਹੈ।

## ਤੱਥ

**ਬਲੱਡ ਸਪਾਟ ਟੈਸਟ ਸਿੱਕਲ ਸੈੱਲ ਦੀ ਬਿਮਾਰੀ ਬਾਰੇ ਪਤਾ ਲਗਾਉਂਦਾ ਹੈ, ਪਰ ਖ਼ੂਨ ਸਬੰਧੀ ਹੋਰ ਸਮੱਸਿਆਵਾਂ ਦਾ ਵੀ ਪਤਾ ਲਗਾਇਆ ਜਾ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਹਾਡਾ ਸਿਹਤ ਪੇਸ਼ੇਵਰ ਤੁਹਾਡੇ ਲਈ ਇੱਕ ਹੀਮੇਟੋਲੋਜਿਸਟ ਨੂੰ ਮਿਲਣ ਦਾ ਪ੍ਰਬੰਧ ਕਰੇਗਾ।**

# ਸੀ.ਐੱਫ. (ਸਿਸਟਿਕ ਫਾਈਬਰੋਸਿਸ)

ਸੀ.ਐੱਫ. ਸਰੀਰ ਦੇ ਕਈ ਹਿੱਸਿਆਂ ਨੂੰ ਪ੍ਰਭਾਵਿਤ ਕਰਦਾ ਹੈ। ਫੇਫੜੇ ਅਤੇ ਪੈਨਕ੍ਰਿਆਜ਼ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ, ਜੋ ਛਾਤੀ ਦੀ ਨਿਯਮਤ ਲਾਗ ਅਤੇ ਭੋਜਨ ਨੂੰ ਹਜ਼ਮ ਕਰਨ ਅਤੇ ਤੁਹਾਡੇ ਬੱਚੇ ਦੇ ਲੋੜੀਂਦੇ ਪੌਸ਼ਟਿਕ ਤੱਤਾਂ ਨੂੰ ਜਜ਼ਬ ਕਰਨ ਦੀਆਂ ਸਮੱਸਿਆਵਾਂ ਦਾ ਕਾਰਨ ਬਣਦੇ ਹਨ। ਸਕਾਟਲੈਂਡ ਵਿੱਚ ਪੈਦਾ ਹੋਣ ਵਾਲੇ ਹਰੇਕ 2,500 ਬੱਚਿਆਂ ਵਿੱਚੋਂ ਇੱਕ ਨੂੰ ਸਿਹਤ-ਸਮੱਸਿਆ ਹੁੰਦੀ ਹੈ। ਸ਼ੁਰੂਆਤੀ ਡਾਇਗਨੋਸਿਜ਼ (ਰੋਗ ਦੀ ਪਹਿਚਾਣ) ਅਤੇ ਇਲਾਜ ਨਾਲ ਸੀ.ਐੱਫ. ਪ੍ਰਭਾਵਿਤ ਬੱਚਿਆਂ ਦੀ ਸਿਹਤ ਬਿਹਤਰ ਹੋ ਸਕਦੀ ਹੈ।

ਸੀ.ਐੱਫ. ਉਦੋਂ ਹੁੰਦਾ ਹੈ ਜਦੋਂ ਇੱਕ ਬੱਚੇ ਨੂੰ ਹਰੇਕ ਮਾਪੇ ਤੋਂ ਇੱਕ ਬਦਲਿਆ ਹੋਇਆ ਜੀਨ ਪ੍ਰਾਪਤ ਹੁੰਦਾ ਹੈ। ਦੋਵੇਂ ਮਾਪਿਆਂ ਵਿੱਚ ਬਦਲਿਆ ਹੋਇਆ ਜੀਨ ਹੁੰਦਾ ਹੈ, ਇਸ ਲਈ ਉਹ ਪ੍ਰਭਾਵਿਤ ਨਹੀਂ ਹੁੰਦੇ – ਇੱਕ ਵਿਅਕਤੀ ਨੂੰ ਸੀ.ਐੱਫ. ਹੋਣ ਲਈ ਦੋਵੇਂ ਜੀਨਾਂ ਦੀ ਲੋੜ ਹੁੰਦੀ ਹੈ। ਸਕਾਟਲੈਂਡ ਵਿੱਚ 25 ਵਿੱਚੋਂ ਇੱਕ ਵਿਅਕਤੀ ਸੀ.ਐੱਫ. ਵਾਹਕ ਹੈ।

ਜੇਕਰ ਸੀ.ਐੱਫ. ਲਈ ਬਲੱਡ ਸਪਾਟ ਟੈਸਟ ਸਪੱਸ਼ਟ ਨਹੀਂ ਹੁੰਦਾ, ਤਾਂ ਤੁਹਾਨੂੰ 21 ਤੋਂ 28 ਦਿਨਾਂ ਦੀ ਉਮਰ ਦੇ ਵਿੱਚਕਾਰ ਇੱਕ ਹੋਰ ਨਮੂਨਾ ਲੈਣ ਲਈ ਕਿਹਾ ਜਾ ਸਕਦਾ ਹੈ।

# ਜੇਕਰ ਸੀ.ਐੱਫ. ਬਾਰੇ ਸ਼ੱਕ ਹੋਵੇ ਤਾਂ ਕੀ ਹੁੰਦਾ ਹੈ

ਉਸੇ ਨਮੂਨੇ ਤੋਂ ਡੀ.ਐੱਨ.ਏ. ਦੀ ਵਰਤੋਂ ਕਰਕੇ ਇੱਕ ਵਧੀਕ ਟੈਸਟ ਕੀਤਾ ਜਾਵੇਗਾ।

ਤੁਹਾਡਾ ਸਿਹਤ ਪੇਸ਼ੇਵਰ ਤੁਹਾਡੇ ਲਈ ਇੱਕ ਸੀ.ਐੱਫ. ਮਾਹਰ ਨੂੰ ਮਿਲਣ ਦਾ ਪ੍ਰਬੰਧ ਕਰੇਗਾ, ਜੋ ਡਾਇਗਨੋਸਿਜ਼ ਦੀ ਪੁਸ਼ਟੀ ਕਰੇਗਾ ਅਤੇ ਯਕੀਨੀ ਬਣਾਏਗਾ ਕਿ ਤੁਹਾਡੇ ਬੱਚੇ ਦਾ ਲੋੜੀਂਦਾ ਇਲਾਜ ਹੋਵੇ। ਸੀ.ਐੱਫ. ਮਾਹਰ ਤੁਹਾਨੂੰ ਜਾਣਕਾਰੀ, ਸਲਾਹ ਅਤੇ ਸਹਾਇਤਾ ਵੀ ਦੇਵੇਗਾ।

**ਬਹੁਤ ਘੱਟ ਮੌਕਿਆਂ ’ਤੇ, ਬੱਚਿਆਂ ਵਿੱਚ ਸੀ.ਐੱਫ. ਦੇ ਮਾਮਲਿਆਂ ਦਾ ਸਕ੍ਰੀਨਿੰਗ ਟੈਸਟ ਦੁਆਰਾ ਪਤਾ ਨਹੀਂ ਲੱਗਦਾ।**

ਕੁਝ ਬੱਚੇ ਸੀ.ਐੱਫ. ਦੁਆਰਾ ਪ੍ਰਭਾਵਿਤ ਨਹੀਂ ਹੁੰਦੇ ਪਰ, ਉਨ੍ਹਾਂ ਦੇ ਮਾਪਿਆਂ ਵਾਂਗ, ਬਦਲੇ ਹੋਏ ਜੀਨ ਦੇ ਸਿਹਤਮੰਦ ਵਾਹਕ ਹੋ ਸਕਦੇ ਹਨ। ਇਨ੍ਹਾਂ ਬੱਚਿਆਂ ਨੂੰ ਕਿਸੇ ਇਲਾਜ ਦੀ ਲੋੜ ਤਾਂ ਨਹੀਂ ਹੋਵੇਗੀ, ਪਰ ਉਹ ਆਪਣੇ ਬੱਚਿਆਂ ਤੱਕ ਜੀਨ ਪਹੁੰਚਾ ਸਕਦੇ ਹਨ।

**ਜੇਕਰ ਤੁਸੀਂ ਆਪਣੇ ਬੱਚੇ ਦੇ ਡੀ.ਐੱਨ.ਏ. ਦੀ ਜਾਂਚ ਲਈ ਵਰਤੋਂ ਕੀਤੇ ਜਾਣ ਬਾਰੇ ਚਿੰਤਤ ਹੋ, ਤਾਂ ਕਿਰਪਾ ਕਰਕੇ ਆਪਣੇ ਸਿਹਤ ਪੇਸ਼ੇਵਰ ਨਾਲ ਇਸ ਬਾਰੇ ਗੱਲ ਕਰੋ।**

## ਜੇਕਰ ਮੇਰੇ ਬੱਚੇ ਦੀ ਸੀ.ਐੱਫ. ਲਈ ਜਾਂਚ ਨਹੀਂ ਕੀਤੀ ਜਾਂਦੀ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਬੱਚੇ ਨੂੰ ਸੀ.ਐੱਫ. ਹੈ ਜਿਸਦਾ ਪਤਾ ਨਹੀਂ ਲੱਗਾਇਆ ਜਾਂਦਾ ਹੈ, ਤਾਂ ਡਾਇਗਨੋਸਿਜ਼ ਵਿੱਚ ਦੇਰੀ ਹੋ ਸਕਦੀ ਹੈ। ਤੁਹਾਡੇ ਬੱਚੇ ਨੂੰ ਅਜਿਹੀਆਂ ਸਮੱਸਿਆਵਾਂ ਹੋ ਸਕਦੀਆਂ ਹਨ ਜਿਨ੍ਹਾਂ ਨੂੰ ਜਲਦੀ ਇਲਾਜ ਨਾਲ ਘਟਾਇਆ ਜਾ ਸਕਦਾ ਸੀ ਜਾਂ ਟਾਲਿਆ ਵੀ ਜਾ ਸਕਦਾ ਸੀ।

**ਤੁਹਾਡਾ ਸਿਹਤ ਪੇਸ਼ੇਵਰ ਤੁਹਾਨੂੰ ਵਧੇਰੇ ਜਾਣਕਾਰੀ ਦੇਵੇਗਾ ਅਤੇ ਤੁਹਾਨੂੰ ਜੈਨੇਟਿਕ ਕੌਂਸਲਰ ਨਾਲ ਅਪੌਇੰਟਮੈਂਟ ਦੀ ਪੇਸ਼ਕਸ਼ ਕਰੇਗਾ।**

## ਸੀ.ਐੱਚ.ਟੀ. (ਕਨਜੈਨੀਅਲ ਹਾਈਪੋਥਾਈਰੋਡਿਜ਼ਮ)

ਸੀ.ਐੱਚ.ਟੀ. ਤੋਂ ਪ੍ਰਭਾਵਿਤ ਬੱਚੇ ਲੋੜੀਂਦਾ ਥਾਇਰੋਕਸਿਨ ਹਾਰਮੋਨ ਪੈਦਾ ਨਹੀਂ ਕਰਦੇ, ਜੋ ਸਿਹਤਮੰਦ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਲੋੜੀਂਦਾ ਹੈ।

ਸੀ.ਐੱਚ.ਟੀ.  ਬਹੁਤ ਘੱਟ ਹੁੰਦੀ ਹੈ, ਜੋ ਸਕਾਟਲੈਂਡ ਵਿੱਚ ਪੈਦਾ ਹੋਣ ਵਾਲੇ ਹਰੇਕ 2,000 ਤੋਂ 3,000 ਬੱਚਿਆਂ ਵਿੱਚੋਂ ਇੱਕ ਨੂੰ ਪ੍ਰਭਾਵਿਤ ਕਰਦੀ ਹੈ।

## ਜੇ ਟੈਸਟ ਤੋਂ ਪਤਾ ਲੱਗਦਾ ਹੈ ਕਿ ਮੇਰੇ ਬੱਚੇ ਨੂੰ ਸੀ.ਐਚ.ਟੀ. ਹੋ ਸਕਦੀ ਹੈ ਤਾਂ ਕੀ ਹੁੰਦਾ ਹੈ?

ਤੁਹਾਡਾ ਸਿਹਤ ਪੇਸ਼ੇਵਰ ਤੁਹਾਡੇ ਲਈ ਬੱਚਿਆਂ ਦੇ ਇੱਕ ਮਾਹਰ ਡਾਕਟਰ ਨੂੰ ਮਿਲਣ ਦਾ ਪ੍ਰਬੰਧ ਕਰੇਗਾ, ਜੋ ਕੁਝ ਹੋਰ ਟੈਸਟ ਕਰੇਗਾ।

### ਤੱਥ

**ਤੁਹਾਡੇ ਬੱਚੇ ਨੂੰ ਦਵਾਈ ਦੇ ਰੂਪ ਵਿੱਚ ਥਾਈਰੋਕਸੀਨ ਦੇ ਕੇ ਸੀ.ਐੱਚ.ਟੀ. ਦਾ ਆਸਾਨੀ ਨਾਲ ਇਲਾਜ ਕੀਤਾ ਜਾਂਦਾ ਹੈ।**

# ਜੇਕਰ ਮੇਰੇ ਬੱਚੇ ਦੀ ਸੀ.ਐੱਚ.ਟੀ. ਲਈ ਜਾਂਚ ਨਹੀਂ ਕੀਤੀ ਜਾਂਦੀ ਤਾਂ ਕੀ ਹੋਵੇਗਾ?

ਸੀ.ਐੱਚ.ਟੀ. ਤੋਂ ਪ੍ਰਭਾਵਿਤ ਬੱਚਾ ਜਿਸਦਾ ਇਲਾਜ ਨਹੀਂ ਕੀਤਾ ਜਾਂਦਾ ਹੈ, ਦੂਜੇ ਬੱਚਿਆਂ ਦੇ ਮੁਕਾਬਲੇ ਹੌਲੀ ਰਫ਼ਤਾਰ ਨਾਲ ਵਿਕਾਸ ਕਰ ਸਕਦਾ ਹੈ ਅਤੇ ਉਸ ਨੂੰ ਸਿੱਖਣ ਦੀਆਂ ਵੱਡੀਆਂ ਅਸਮਰੱਥਾਵਾਂ ਹੋਣ ਦਾ ਜੋਖਮ ਹੁੰਦਾ ਹੈ।

# ਅਨੁਵੰਸ਼ਕ ਮੈਟਾਬੋਲਿਕ ਵਿਗਾੜ

ਅਨੁਵੰਸ਼ਕ ਮੈਟਾਬੋਲਿਕ ਵਿਗਾੜ ਦਾ ਅਰਥ ਹੈ ਕਿ ਬੱਚੇ ਦੇ ਸਰੀਰ ਵਿੱਚ ਭੋਜਨ ਵਿਚਲੇ ਕੁਝ ਪਦਾਰਥਾਂ ਨੂੰ ਤੋੜਿਆ ਨਹੀਂ ਜਾ ਸਕਦਾ।

ਖੂਨ ਦਾ ਨਮੂਨਾ ਇਹ ਜਾਂਚ ਕਰੇਗਾ ਕਿ ਕੀ ਤੁਹਾਡੇ ਬੱਚੇ ਨੂੰ ਹੇਠਾਂ ਦਿੱਤੇ ਵੰਸ਼ਾਗਤ ਮੈਟਾਬੋਲਿਕ (ਸਰੀਰ ਦੀ ਭੋਜਨ ਨੂੰ ਤੋੜ ਕੇ ਊਰਜਾ ਵਿੱਚ ਬਦਲਣ ਦੀ ਪ੍ਰਕਿਰਿਆ ਸਬੰਧੀ) ਵਿਗਾੜ ਹਨ:

- ਪੀ.ਕੇ.ਯੂ. (ਫੇਨਲਕਿਟਨੂਰੀਆ)
- ਐੱਮ.ਸੀ.ਏ.ਡੀ.ਡੀ. (ਮੀਡੀਅਮ-ਚੇਨ ਐਕਲ-ਕੋਆ ਡੀਹਾਈਡ੍ਰੋਜਨੀਜ਼ ਦੀ ਕਮੀ)
- ਐੱਮ.ਐੱਸ.ਯੂ.ਡੀ. (ਮੈਪਲ ਸਿਰਪ ਸਬੰਧੀ ਪਿਸ਼ਾਬ ਦੀ ਬਿਮਾਰੀ)
- ਆਈ.ਵੀ.ਏ. (ਇਸੋਵੈਲੇਰਿਕ ਐਸੀਡੀਮੀਆ)
- ਜੀ.ਏ.1 (ਗਲੂਟੇਰਿਕ ਐਸਿਡੂਰੀਆ ਟਾਈਪ 1)
- ਐੱਚ.ਸੀ.ਯੂ. (ਹੋਮੋਸਿਸਟੀਨੂਰੀਆ)
- ਐਚਟੀ1 (ਵਿਰਾਸਤੀ ਟਾਈਰੋਸੀਨੇਮੀਆ 1)



ਐੱਮ.ਸੀ.ਏ.ਡੀ.ਡੀ. ਤੋਂ ਪ੍ਰਭਾਵਿਤ ਬੱਚੇ ਕੁਝ ਖਾਸ ਹਾਲਾਤ ਵਿੱਚ ਊਰਜਾ ਬਣਾਉਣ ਲਈ ਚਰਬੀ ਨੂੰ ਤੋੜ ਨਹੀਂ ਸਕਦੇ।

ਹੋਰ ਵਿਗਾੜਾਂ ਨਾਲ ਪੈਦਾ ਹੋਏ ਬੱਚਿਆਂ, ਜਿਨ੍ਹਾਂ ਦੀ ਜਾਂਚ ਕੀਤੀ ਜਾਂਦੀ ਹੈ, ਲਈ **ਕੁਝ ਐਮੀਨੋ ਐਸਿਡਾਂ (ਪ੍ਰੋਟੀਨਾਂ ਦੇ ਹਿੱਸਿਆਂ)** ਨੂੰ ਤੋੜਨਾ ਮੁਸ਼ਕਿਲ ਹੁੰਦਾ ਹੈ।

## ਕੀ ਪ੍ਰਭਾਵ ਪੈਂਦੇ ਹਨ?

ਇੱਕ ਵੰਸ਼ਾਗਤ ਮੈਟਾਬੋਲਿਕ ਵਿਗਾੜ ਵਿੱਚ ਦੇਰੀ ਨਾਲ ਵਿਕਾਸ ਅਤੇ ਸਿੱਖਣ ਦੀਆਂ ਅਸਮੱਰਥਾਵਾਂ ਦਾ ਬਹੁਤ ਜ਼ਿਆਦਾ ਜੋਖਮ ਹੁੰਦਾ ਹੈ, ਜਿਸ ਬਾਰੇ ਛੇਤੀ ਨਾ ਪਤਾ ਲੱਗਣ 'ਤੇ ਇਹ ਗੰਭੀਰ ਹੋ ਸਕਦਾ ਹੈ। ਕੁਝ ਵਿਗਾੜ ਜਾਨਲੇਵਾ ਬਿਮਾਰੀ, ਇੱਥੋਂ ਤੱਕ ਕਿ ਕੋਮਾ ਵਿੱਚ ਜਾਣ ਦਾ ਕਾਰਨ ਬਣ ਸਕਦੇ ਹਨ, ਅਤੇ ਇਹ ਹੋਰ ਸਿਹਤ ਸਮੱਸਿਆਵਾਂ ਨਾਲ ਜੁੜੇ ਹੋ ਸਕਦੇ ਹਨ। ਇਲਾਜ ਦੇ ਬਿਨਾਂ, ਬੱਚੇ ਅਚਾਨਕ ਅਤੇ ਗੰਭੀਰ ਰੂਪ ਵਿੱਚ ਬਿਮਾਰ ਹੋ ਸਕਦੇ ਹਨ।

## ਕੀ ਹੁੰਦਾ ਹੈ ਜੇਕਰ ਟੈਸਟ ਇਹ ਦਿਖਾਉਂਦਾ ਹੈ ਕਿ ਮੇਰੇ ਬੱਚੇ ਨੂੰ ਅਨੁਵੰਸ਼ਕ ਮੈਟਾਬੋਲਿਕ ਵਿਗਾੜ ਹੋ ਸਕਦਾ ਹੈ?

ਬੱਚਿਆਂ ਲਈ ਅਨੁਵੰਸ਼ਕ ਮੈਟਾਬੋਲਿਕ ਵਿਗਾੜ ਟੀਮ ਦਾ ਇੱਕ ਮੈਂਬਰ (ਇੱਕ ਡਾਕਟਰ, ਨਰਸ ਜਾਂ ਡਾਇਟੀਸ਼ੀਅਨ) ਤੁਹਾਡੇ ਨਾਲ ਟੈਲੀਫੋਨ ਰਾਹੀਂ ਸੰਪਰਕ ਕਰੇਗਾ ਅਤੇ ਉਸ ਦਿਨ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਮਿਲਣ ਦਾ ਪ੍ਰਬੰਧ ਕਰੇਗਾ। ਟੀਮ ਅਗਲੇ ਟੈਸਟਾਂ ਦਾ ਪ੍ਰਬੰਧ ਕਰੇਗੀ ਅਤੇ ਤੁਰੰਤ ਕੋਈ ਲੋੜੀਂਦਾ ਇਲਾਜ ਸ਼ੁਰੂ ਕਰੇਗੀ। ਉਹ ਤੁਹਾਨੂੰ ਸਭ ਕੁਝ ਸਮਝਾਉਣ ਅਤੇ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਦੇ ਸਕਣਗੇ।

**ਯਾਦ ਰੱਖੋ ਕਿ ਤੁਸੀਂ ਜਾਣਕਾਰੀ ਅਤੇ ਸਹਾਇਤਾ ਲਈ ਕਿਸੇ ਵੀ ਸਮੇਂ ਆਪਣੇ ਸਿਹਤ ਪੇਸ਼ੇਵਰ ਨਾਲ ਗੱਲ ਕਰ ਸਕਦੇ ਹੋ।**

## ਤੱਥ

**ਜੇਕਰ ਜਾਂਚ ਰਾਹੀਂ ਵੰਸ਼ਾਗਤ ਮੈਟਾਬੋਲਿਕ ਵਿਗਾੜ ਦਾ ਪਤਾ ਲਗਾਇਆ ਜਾਂਦਾ ਹੈ, ਤਾਂ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਇਲਾਜ ਉਪਲਬਧ ਹੈ। ਇਲਾਜ ਵਿੱਚ ਧਿਆਨ ਨਾਲ ਪ੍ਰਬੰਧਿਤ ਖੁਰਾਕ, ਦਵਾਈਆਂ ਜਾਂ ਦੋਵੇਂ ਸ਼ਾਮਲ ਹੋ ਸਕਦੇ ਹਨ।**

**ਇਲਾਜ ਨੂੰ ਜੀਵਨ ਭਰ ਜਾਰੀ ਰੱਖਣ ਦੀ ਲੋੜ ਪਵੇਗੀ, ਪਰ ਇਹ ਤੁਹਾਡੇ ਬੱਚੇ ਨੂੰ ਸਿਹਤਮੰਦ ਰਹਿਣ ਅਤੇ ਇੱਕ ਮੁਕੰਮਲ ਅਤੇ ਸਰਗਰਮ ਜ਼ਿੰਦਗੀ ਜਿਊਣ ਦੀ ਖੁੱਲ੍ਹ ਦੇਵੇਗਾ।**

## ਜੇਕਰ ਮੇਰੇ ਬੱਚੇ ਦੀ ਅਨੁਵੰਸ਼ਕ ਮੈਟਾਬੋਲਿਕ ਵਿਗਾੜ ਲਈ ਜਾਂਚ ਨਹੀਂ ਕੀਤੀ ਜਾਂਦੀ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਬੱਚੇ ਨੂੰ ਵੰਸ਼ਾਗਤ ਮੈਟਾਬੋਲਿਕ ਵਿਗਾੜ ਹੈ ਜਿਸ ਦਾ ਜਾਂਚ ਦੁਆਰਾ ਪਤਾ ਲਗਾਇਆ ਜਾ ਸਕਦਾ ਸੀ ਪਰ ਇਸ ਦਾ ਇਲਾਜ ਨਹੀਂ ਕੀਤਾ ਗਿਆ, ਤਾਂ ਉਨ੍ਹਾਂ ਵਿੱਚ ਸਿੱਖਣ ਦੀਆਂ ਅਸਮਰੱਥਾਵਾਂ ਹੋਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ ਜੋ ਜੀਵਨ ਭਰ ਲਈ ਅਤੇ ਸਥਾਈ ਹੁੰਦੀਆਂ ਹਨ। ਕੁਝ ਵਿਗਾੜਾਂ ਵਿੱਚ, ਤੁਹਾਡਾ ਬੱਚਾ ਅਚਾਨਕ ਜਾਂ ਗੰਭੀਰ ਰੂਪ ਵਿੱਚ ਬਿਮਾਰ ਵੀ ਹੋ ਸਕਦਾ ਹੈ ਜਾਂ ਇੱਥੋਂ ਤੱਕ ਕਿ ਉਸ ਦੀ ਮੌਤ ਵੀ ਹੋ ਸਕਦੀ ਹੈ।

ਟੈਸਟ ਦੇ ਤਕਨੀਕੀ-ਪੱਖਾਂ ਕਾਰਨ, ਸਾਰੇ ਵੰਸ਼ਾਗਤ ਮੈਟਾਬੋਲਿਕ ਵਿਗਾੜਾਂ ਦੀ ਜਾਂਚ ਲਈ ਸਿਰਫ਼ ਇੱਕ ਵਾਰ ਵਿੱਚ ਹੀ ਟੈਸਟ ਕਰਨਾ ਸੰਭਵ ਹੈ, ਕੁਝ ਲਈ ਟੈਸਟ ਕਰਨਾ ਅਤੇ ਹੋਰਨਾਂ ਲਈ ਨਾ ਕਰਨਾ ਸੰਭਵ ਨਹੀਂ ਹੈ।

## ਐਸਐਮਏ (ਰੀੜ੍ਹ ਦੀ ਹੱਡੀ ਦੀ ਮਾਸਪੇਸ਼ੀ ਕਮਜ਼ੋਰੀ)

ਐਸਐਮਏ ਹਰ ਸਾਲ ਯੂਕੇ ਵਿੱਚ ਪੈਦਾ ਹੋਣ ਵਾਲੇ 10,000 ਬੱਚਿਆਂ ਵਿੱਚੋਂ ਲਗਭਗ 1 ਨੂੰ ਪ੍ਰਭਾਵਿਤ ਕਰਦਾ ਹੈ। ਇਹ ਇੱਕ ਦੁਰਲੱਭ ਜੈਨੇਟਿਕ ਸਥਿਤੀ ਹੈ ਜੋ ਮਾਸਪੇਸ਼ੀਆਂ ਦੀ ਕਮਜ਼ੋਰੀ ਦਾ ਕਾਰਨ ਬਣਦੀ ਹੈ। ਐਸਐਮਏ ਹਰਕਤ, ਸਾਹ ਲੈਣ ਅਤੇ ਨਿਗਲਣ ਨੂੰ ਪ੍ਰਭਾਵਿਤ ਕਰਦਾ ਹੈ।

ਸਮੇਂ ਦੇ ਨਾਲ ਸਥਿਤੀ ਵਿਗੜ ਸਕਦੀ ਹੈ, ਪਰ ਲੱਛਣਾਂ ਦੇ ਪ੍ਰਬੰਧਨ ਵਿੱਚ ਮਦਦ ਲਈ ਦਵਾਈਆਂ ਅਤੇ ਦੂਜੇ ਇਲਾਜ ਮੌਜੂਦ ਹਨ।

ਸਕਾਟਲੈਂਡ ਵਿੱਚ, ਬਸੰਤ 2026 ਤੋਂ ਮੁਲਾਂਕਣ ਦੇ ਹਿੱਸੇ ਵਜੋਂ ਬਲੱਡ ਸਪਾਟ ਸਕ੍ਰੀਨਿੰਗ ਵਿੱਚ ਐਸਐਮਏ ਟੈਸਟਿੰਗ ਸ਼ਾਮਲ ਹੋਵੇਗੀ। ਇਹ ਤੁਹਾਡੀ ਚੋਣ ਹੈ ਕਿ ਤੁਹਾਡੇ ਬੱਚੇ ਦਾ ਐਸਐਮਏ ਲਈ ਟੈਸਟ ਕੀਤਾ ਜਾਵੇ ਜਾਂ ਨਹੀਂ। ਜੇਕਰ ਤੁਸੀਂ ਫੈਸਲਾ ਕਰਦੇ ਹੋ ਕਿ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਦਾ ਟੈਸਟ ਹੋਵੇ, ਤਾਂ ਨਤੀਜੇ ਦੀ ਜਾਣਕਾਰੀ ਮੁਲਾਂਕਣ ਦੇ ਹਿੱਸੇ ਵਜੋਂ ਵਰਤੀ ਜਾਵੇਗੀ।

ਜੇਕਰ ਤੁਸੀਂ ਫੈਸਲਾ ਕਰਦੇ ਹੋ ਕਿ ਤੁਸੀਂ ਆਪਣੇ ਬੱਚੇ ਦਾ ਟੈਸਟ ਨਹੀਂ ਕਰਵਾਉਣਾ ਚਾਹੁੰਦੇ, ਫਿਰ ਵੀ ਨਵਜਾਤ ਬਲੱਡ ਸਪਾਟ ਸਕ੍ਰੀਨਿੰਗ ਟੈਸਟ ਵਿੱਚ ਸ਼ਾਮਲ ਹੋਰ ਸਥਿਤੀਆਂ ਲਈ ਤੁਹਾਡੇ ਬੱਚੇ ਦਾ ਟੈਸਟ ਕੀਤਾ ਜਾ ਸਕਦਾ ਹੈ।

## ਮੈਂ ਨਤੀਜੇ ਕਿਵੇਂ ਪ੍ਰਾਪਤ ਕਰਾਂ?

ਜ਼ਿਆਦਾਤਰ ਬਲੱਡ ਸਪਾਟ ਟੈਸਟਾਂ ਵਿੱਚ ਕੋਈ ਸਿਹਤ ਸਬੰਧੀ ਚਿੰਤਾ ਨਹੀਂ ਦਿਖਾਈ ਦਿੰਦੀ। ਜੇਕਰ ਅਜਿਹਾ ਹੈ, ਤਾਂ ਨਤੀਜੇ ਤੁਹਾਡੇ ਸਿਹਤ ਮੁਲਾਕਾਤੀ ਨੂੰ ਭੇਜੇ ਜਾਂਦੇ ਹਨ, ਜੋ ਅਗਲੇ ਰੂਟੀਨ ਮੁਆਇਨੇ ‘ਤੇ ਤੁਹਾਡੇ ਨਾਲ ਉਨ੍ਹਾਂ ਬਾਰੇ ਚਰਚਾ ਕਰੇਗਾ। ਜੇਕਰ ਕੋਈ ਸੰਭਾਵੀ ਸਥਿਤੀ ਲੱਭੀ ਜਾਂਦੀ ਹੈ, ਤਾਂ ਤੁਹਾਡੇ ਨਾਲ ਸਿੱਧਾ ਸੰਪਰਕ ਕੀਤਾ ਜਾਵੇਗਾ।

## ਜੇ ਮੈਂ ਬਲੱਡ ਸਪਾਟ ਸਕ੍ਰੀਨਿੰਗ ਨਾ ਕਰਵਾਉਣ ਦਾ ਫੈਸਲਾ ਕਰਾਂ ਹਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਆਪਣੇ ਬੱਚੇ ਦੀ ਜਾਂਚ ਨਾ ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਤੁਹਾਨੂੰ ਇਹ ਪੁਸ਼ਟੀ ਕਰਨ ਲਈ ਇੱਕ ਫਾਰਮ ‘ਤੇ ਦਸਤਖਤ ਕਰਨ ਲਈ ਕਿਹਾ ਜਾਵੇਗਾ ਕਿ ਤੁਹਾਨੂੰ ਟੈਸਟ ਕਰਨ ਦੇ ਕਾਰਨਾਂ ਬਾਰੇ ਦੱਸਿਆ ਗਿਆ ਹੈ, ਅਤੇ ਇਹ ਕਿ ਤੁਸੀਂ ਆਪਣੇ ਬੱਚੇ ਦੀ ਜਾਂਚ ਨਾ ਕੀਤੇ ਜਾਣ ਦੇ ਸੰਭਾਵੀ ਪ੍ਰਭਾਵਾਂ ਨੂੰ ਸਮਝਦੇ ਹੋ।





# ਨਵਜੰਮੇ ਬੱਚੇ ਦਾ ਸਰੀਰਕ ਮੁਆਇਨਾ



## ਇੱਕ ਝਲਕ ...

- ਸਕ੍ਰੀਨਿੰਗ ਟੈਸਟਾਂ ਤੋਂ ਇਲਾਵਾ, ਪਹਿਲੇ ਤਿੰਨ ਦਿਨਾਂ ਦੇ ਅੰਦਰ ਸਾਰੇ ਬੱਚਿਆਂ ਦੀ ਸਾਵਧਾਨੀ ਨਾਲ ਜਾਂਚ ਕੀਤੀ ਜਾਂਦੀ ਹੈ ਤਾਂ ਜੋ ਕਿਸੇ ਵੀ ਸਪੱਸ਼ਟ ਸਰੀਰਕ ਸਮੱਸਿਆ ਬਾਰੇ ਛੇਤੀ ਤੋਂ ਛੇਤੀ ਪਤਾ ਲਗਾਇਆ ਜਾ ਸਕੇ।
- ਆਮ ਤੌਰ 'ਤੇ, ਕੁਝ ਵੀ ਅਜਿਹਾ ਨਹੀਂ ਮਿਲਦਾ ਜਿਸ ਬਾਰੇ ਤੁਹਾਨੂੰ ਚਿੰਤਾ ਕਰਨ ਦੀ ਲੋੜ ਹੈ। ਜੇਕਰ ਸਿਹਤ ਪੇਸ਼ੇਵਰ ਨੂੰ ਕੋਈ ਚਿੰਤਾ ਹੈ, ਤਾਂ ਤੁਹਾਡੇ ਬੱਚੇ ਦੇ ਹੋਰ ਮੁਲਾਂਕਣ ਅਤੇ ਟੈਸਟ ਹੋਣਗੇ।
- ਜਾਂਚ ਕਰਨ ਵਾਲਾ ਸਿਹਤ ਪੇਸ਼ੇਵਰ ਤੁਹਾਨੂੰ ਤੁਰੰਤ ਨਤੀਜੇ ਦੇਵੇਗਾ। ਜੇਕਰ ਹੋਰ ਮੁਲਾਂਕਣ ਲਈ ਰੈਫਰਲ ਦੀ ਲੋੜ ਹੈ, ਤਾਂ ਮੁਆਇਨੇ ਸਮੇਂ ਤੁਹਾਡੇ ਨਾਲ ਇਸ ਬਾਰੇ ਚਰਚਾ ਕੀਤੀ ਜਾਵੇਗੀ।

# ਮੇਰੇ ਬੱਚੇ ਦੀ ਜਾਣਕਾਰੀ ਅਤੇ ਖੂਨ ਦੇ ਨਮੂਨਿਆਂ ਦਾ ਕੀ ਹੁੰਦਾ ਹੈ?

ਤੁਹਾਡਾ ਹੈਲਥ ਬੋਰਡ, ਅਤੇ ਨੈਸ਼ਨਲ ਲੈਬਾਰਟਰੀ, ਜੋ ਨਵਜੰਮੇ ਬੱਚਿਆਂ ਦੀ ਜਾਂਚ ਦਾ ਪ੍ਰਬੰਧਨ ਕਰਦੀ ਹੈ, ਤੁਹਾਡੇ ਬੱਚੇ ਦੀ ਨਿੱਜੀ ਜਾਂਚ ਸਬੰਧੀ ਜਾਣਕਾਰੀ ਦਾ ਰਿਕਾਰਡ ਰੱਖਦੇ ਹਨ, ਜਿਸ ਵਿੱਚ ਨਤੀਜੇ ਸ਼ਾਮਲ ਹਨ। ਤੁਹਾਡੇ ਬੱਚੇ ਦੀ ਨਿੱਜੀ ਸਿਹਤ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ, ਜਿਸ ਦਾ ਅਰਥ ਹੈ ਕਿ ਇਹ ਸਿਰਫ਼ ਤੁਹਾਡੇ ਬੱਚੇ ਦੀ ਦੇਖਭਾਲ ਵਿੱਚ ਸ਼ਾਮਲ ਹੋਰ ਸਟਾਫ ਨਾਲ ਹੀ ਸਾਂਝੀ ਕੀਤੀ ਜਾਂਦੀ ਹੈ। ਜਾਣਕਾਰੀ ਰਿਕਾਰਡਾਂ ਦੀ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਨਤਾ ਨੂੰ ਸਭ ਤੋਂ ਵਧੀਆ ਸੇਵਾ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

ਸਾਰੇ ਬਚੇ ਹੋਏ ਖੂਨ ਦੇ ਨਮੂਨਿਆਂ ਨੂੰ ਨੈਸ਼ਨਲ ਲੈਬਾਰਟਰੀ ਵੱਲੋਂ ਘੱਟੋ-ਘੱਟ 12-ਮਹੀਨੇ ਦੀ ਜਾਂਚ-ਅਵਧੀ ਲਈ ਸੰਭਾਲ ਕੇ ਰੱਖਣਾ ਚਾਹੀਦਾ ਹੈ। ਜਦੋਂ ਤੱਕ ਕੋਈ ਇਤਰਾਜ਼ ਨਹੀਂ ਹੁੰਦਾ, ਨਮੂਨਿਆਂ ਨੂੰ ਜ਼ਿਆਦਾ ਲੰਬੇ ਸਮੇਂ ਲਈ ਰੱਖਿਆ ਜਾ ਸਕਦਾ ਹੈ ਅਤੇ ਖੋਜ, ਸਿੱਖਿਆ ਅਤੇ ਸਿਖਲਾਈ ਲਈ ਵਰਤਿਆ ਜਾ ਸਕਦਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਤੁਹਾਡੇ ਬੱਚੇ ਦੇ ਨਿੱਜੀ ਵੇਰਵੇ ਕੱਢ ਦਿੱਤੇ ਜਾਣਗੇ। **ਜੇਕਰ ਸਾਨੂੰ ਕਦੇ ਅਗਿਆਤ (ਗੁਪਤ) ਨਾ ਬਣਾਏ ਨਮੂਨਿਆਂ ਨੂੰ ਵਰਤਣ ਦੀ ਲੋੜ ਹੋਵੇਗੀ ਤਾਂ ਤੁਹਾਡੀ ਸਹਿਮਤੀ ਲਈ ਪੁੱਛਿਆ ਜਾਵੇਗਾ।**

ਨਵਜੰਮੀ ਮਿਆਦ ਵਿੱਚ ਕੁਝ ਬਿਮਾਰੀਆਂ ਵਾਲੇ ਬੱਚਿਆਂ ਜਿਨ੍ਹਾਂ ਦੀ ਸਕ੍ਰੀਨਿੰਗ ਕੀਤੀ ਜਾਂਦੀ ਹੈ, ਉਹਨਾਂ ਨੂੰ ਜਮਾਂਦਰੂ ਅਤੇ ਦੁਰਲੱਭ ਬਿਮਾਰੀ ਵਾਲੇ ਸੁਰੱਖਿਅਤ ਰਜਿਸਟਰ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਜੋ ਪਬਲਿਕ ਹੈਲਥ ਸਕਾਟਲੈਂਡ ਦੁਆਰਾ ਸੰਭਾਲਿਆ ਜਾਂਦਾ ਹੈ। ਰਜਿਸਟਰ ਨਿਗਰਾਨੀ ਕਰਦਾ ਹੈ ਕਿ ਕਿੰਨੇ ਬੱਚਿਆਂ ਨੂੰ ਇਹ ਬਿਮਾਰੀਆਂ ਹਨ ਅਤੇ ਸਿਹਤ ਦੇਖਭਾਲ ਅਤੇ ਹੋਰ ਜਨਤਕ ਸੇਵਾਵਾਂ ਦੀ ਯੋਜਨਾਬੰਦੀ ਅਤੇ ਸੁਧਾਰ ਦਾ ਸਮਰਥਨ ਕਰਦਾ ਹੈ। ਰਜਿਸਟਰ ਬਾਰੇ ਜਾਣਕਾਰੀ ਇੱਥੇ ਲੱਭੀ ਜਾ ਸਕਦੀ ਹੈ **www.publichealthscotland.scot/cardriss**

ਤੁਹਾਡੇ ਬੱਚੇ ਦੀ ਨਿੱਜੀ ਸਿਹਤ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਵਰਤੋਂ ਦੇ ਸਬੰਧ ਵਿੱਚ ਤੁਹਾਡੇ ਕੋਲ ਅਧਿਕਾਰ ਹਨ। ਵਧੇਰੇ ਜਾਣਕਾਰੀ ਲਈ **0800 22 44 88** (ਟੈਕਸਟਫੋਨ **18001**) 'ਤੇ ਐੱਨ.ਐੱਚ.ਐੱਸ. ਇਨਫਾਰਮ ਹੈਲਪਲਾਈਨ ਨਾਲ ਮੁਫ਼ਤ ਸੰਪਰਕ ਕਰੋ **0800 22 44 88**) ਜਾਂ **www.nhsinform.scot/confidentiality** 'ਤੇ ਜਾਓ ਅਤੇ **www.nhsinform.scot/data-protection**

**ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਬੱਚੇ ਦੇ ਬਲੱਡ ਸਪਾਟ ਕਾਰਡ ਨੂੰ 12 ਮਹੀਨਿਆਂ ਦੀ ਜਾਂਚ ਮਿਆਦ ਤੋਂ ਬਾਅਦ ਸੰਭਾਲ ਕੇ ਰੱਖਿਆ ਜਾਵੇ, ਜਾਂ ਖੋਜ ਦੇ ਉਦੇਸ਼ਾਂ ਲਈ ਵਰਤਿਆ ਜਾਵੇ, ਤਾਂ ਆਪਣੀ ਮਿਡਵਾਈਫ਼ ਨੂੰ ਇਸ ਬਾਰੇ ਦੱਸੋ। ਉਹ ਤੁਹਾਡੀਆਂ ਤਰਜੀਹਾਂ ਨੂੰ ਰਿਕਾਰਡ ਕਰਨਗੇ।**

# ਹੋਰ ਜਾਣਕਾਰੀ

ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਆਪਣੇ ਸਿਹਤ ਪੇਸ਼ੇਵਰ ਨਾਲ ਗੱਲ ਕਰੋ। ਤੁਹਾਨੂੰ ਹੇਠਾਂ ਦਿੱਤੇ ਸੰਪਰਕ ਵੀ ਉਪਯੋਗੀ ਲੱਗ ਸਕਦੇ ਹਨ।

## ਮੈਟਾਬੋਲਿਕ ਸਪੋਰਟ ਯੂਕੇ

ਅਨੁਵੰਸ਼ਕ ਮੈਟਾਬੋਲਿਕ ਵਿਗਾੜ ਲਈ ਮਰੀਜ਼ਾਂ ਵਾਸਤੇ ਮੋਹਰੀ ਸੰਸਥਾ, ਜੋ ਦੁਨੀਆ ਭਰ ਵਿੱਚ ਹਜ਼ਾਰਾਂ ਮਰੀਜ਼ਾਂ ਦੀ ਸਹਾਇਤਾ ਕਰਦੀ ਹੈ, ਅਤੇ ਪ੍ਰਭਾਵਿਤ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦੀ ਤਰਫੋਂ ਕੰਮ ਕਰਦੀ ਹੈ।

ਫ਼ੋਨ: 0800 652 3181

**https://metabolicsupportuk.org**

## ਨੈਸ਼ਨਲ ਡੈਫ ਚਿਲਡ੍ਰਨ ਸੁਸਾਇਟੀ

ਬੋਲ਼ੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ।

ਫ਼ੋਨ: 0808 800 8880

**www.ndcs.org.uk/about-us/about-charity/where-we-work**

## ਸਿਸਟਿਕ ਫਾਈਬਰੋਸਿਸ ਟਰੱਸਟ

ਸੀ.ਐੱਫ. ਤੋਂ ਪ੍ਰਭਾਵਿਤ ਲੋਕਾਂ ਦੀ ਜ਼ਿੰਦਗੀ ਨੂੰ ਸੁਧਾਰਨ ਲਈ ਕੰਮ ਕਰਦਾ ਹੈ, ਸੀ.ਐੱਫ ਦਾ ਪ੍ਰੋਫਾਈਲ ਵਧਾਉਂਦਾ ਹੈ ਅਤੇ ਖੋਜ ਲਈ ਫੰਡ ਦਿੰਦਾ ਹੈ।

ਫ਼ੋਨ: 0300 373 1000

**www.cysticfibrosis.org.uk**

## ਨੈਸ਼ਨਲ ਸੋਸਾਇਟੀ ਫਾਰ ਫੇਨਲਕਿਟਨੂਰੀਆ (ਐੱਨ.ਐੱਸ.ਪੀ.ਕੇ.ਯੂ.)

ਪੀ.ਕੇ.ਯੂ. ਤੋਂ ਪ੍ਰਭਾਵਿਤ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਦੇਖਭਾਲਕਰਤਾਵਾਂ ਲਈ ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ।

ਫ਼ੋਨ: 0303 040 1090

**https://nspku.org**

## ਸਿੱਕਲ ਸੈੱਲ ਸੋਸਾਇਟੀ

ਸਿੱਕਲ ਸੈੱਲ ਸੋਸਾਇਟੀ ਸਿੱਕਲ ਸੈੱਲ ਵਿਗਾੜ ਤੋਂ ਪ੍ਰਭਾਵਿਤ ਲੋਕਾਂ ਦੀ ਜ਼ਿੰਦਗੀ ਦੀ ਸਮੁੱਚੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਉਨ੍ਹਾਂ ਦੀ ਸਹਾਇਤਾ ਅਤੇ ਨੁਮਾਇੰਦਗੀ ਕਰਦੀ ਹੈ।

ਫੋਨ: 020 8961 7795

**www.sicklecellsociety.org**

## ਬ੍ਰਿਟਿਸ਼ ਥਾਈਰੋਇਡ ਫਾਊਂਡੇਸ਼ਨ

ਥਾਈਰੋਇਡ ਦੇ ਵਿਗਾੜਾਂ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਭਰੋਸੇਯੋਗ ਜਾਣਕਾਰੀ ਅਤੇ ਉਨ੍ਹਾਂ ਵਰਗੇ ਲੋਕਾਂ ਦੀ ਸਹਾਇਤਾ ਪ੍ਰਦਾਨ ਕਰਨ ਲਈ ਸਮਰਪਿਤ ਇੱਕ ਮਰੀਜ਼ਾਂ ਦੀ ਸੰਸਥਾ।

ਫੋਨ: 01423 810093

**www.btf-thyroid.org**

## ਸਪਾਈਨਲ ਮਾਸਕੂਲਰ ਐਟ੍ਰੋਫੀ ਯੂਕੇ

ਐਸਐਮਏ ਤੋਂ ਪ੍ਰਭਾਵਿਤ ਹਰੇਕ ਵਿਅਕਤੀ ਦਾ ਸਮਰਥਨ ਕਰਦਾ ਹੈ ਤਾਂ ਜੋ ਉਹਨਾਂ ਨੂੰ ਸਭ ਤੋਂ ਵਧੀਆ ਦੇਖਭਾਲ, ਸਹਾਇਤਾ ਅਤੇ ਇਲਾਜ ਤੱਕ ਪਹੁੰਚ ਮਿਲ ਸਕੇ ਅਤੇ ਸਮਾਜ ਵਿੱਚ ਪੂਰੀ ਸ਼ਮੂਲੀਅਤ ਨੂੰ ਰੋਕਣ ਵਿੱਚ ਕੋਈ ਰੁਕਾਵਟਾਂ ਨਾ ਹੋਣ।

ਫੋਨ: 01789 267520

**www.smauk.org.uk**

## ਐੱਨ.ਐੱਚ.ਐੱਸ. ਇਨਫਾਰਮ

ਤੁਸੀਂ ਐੱਨ.ਐੱਚ.ਐੱਸ. ਇਨਫਾਰਮ ਹੈਲਪਲਾਈਨ 'ਤੇ ਕਾਲ ਕਰਕੇ ਜਾਂ ਐੱਨ.ਐੱਚ.ਐੱਸ. ਇਨਫਾਰਮ ਵੈੱਬਸਾਈਟ 'ਤੇ ਜਾ ਕੇ ਸਕਾਟਲੈਂਡ ਵਿੱਚ ਪੇਸ਼ਕਸ਼ ਕੀਤੇ ਜਾਣ ਵਾਲੇ ਸਕ੍ਰੀਨਿੰਗ ਟੈਸਟਾਂ ਦੀਆਂ ਕਿਸਮਾਂ ਅਤੇ ਉਨ੍ਹਾਂ ਵੱਲੋਂ ਜਾਂਚ ਕੀਤੀਆਂ ਜਾਣ ਵਾਲੀਆਂ ਸਿਹਤ-ਸਮੱਸਿਆਵਾਂ ਬਾਰੇ ਪਤਾ ਲਗਾ ਸਕਦੇ ਹੋ।

ਫ਼ੋਨ: 0800 22 44 88

ਟੈਕਸਟਫੋਨ: 18001 0800 22 44 88

**www.nhsinform.scot/screening**

| ਅਨੁਵਾਦ | ਅਸਾਨ ਪੜ੍ਹਤ (ਈਜ਼ੀ ਰੀਡ) | ਬੀ.ਐੱਸ.ਐੱਲ. | ਆਡੀਓ | ਵੱਡਾ ਪ੍ਰਿੰਟ | ਬ੍ਰੇਲ |
|---|---|---|---|---|---|

ਹੋਰ ਜਾਣਕਾਰੀ ਲਈ, ਜਾਂ ਅਨੁਵਾਦਾਂ ਅਤੇ ਹੋਰ ਫਾਰਮੇਟਾਂ ਲਈ:


**www.nhsinform.scot/newbornscreening**

**phs.otherformats@phs.scot**

**0131 314 5300**


ਪਬਲਿਕ ਹੈਲਥ ਸਕਾਟਲੈਂਡ ਸਕਾਟਲੈਂਡ ਦੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਵਿੱਚ ਸੁਧਾਰ ਅਤੇ ਸੁਰੱਖਿਆ ਲਈ ਸਕਾਟਲੈਂਡ ਦੀ ਰਾਸ਼ਟਰੀ ਏਜੰਸੀ ਹੈ।


© Public Health Scotland 2026

OGL

ਇਹ ਪ੍ਰਕਾਸ਼ਨ ਖੁੱਲ੍ਹੇ ਸਰਕਾਰੀ ਲਾਇਸੰਸ v3.0 ਦੇ ਤਹਿਤ ਮੁੜ-ਵਰਤੋਂ ਲਈ ਲਾਇਸੰਸਸ਼ੁਦਾ ਹੈ। ਹੋਰ ਜਾਣਕਾਰੀ ਲਈ, **www.publichealthscotland.scot/ogl** ‘ਤੇ ਜਾਓ


**www.publichealthscotland.scot**


2166 2/2026 ALT 2/2026